# 2027-28 ਹਾੜ੍ਹੀ ਮੰਡੀਕਰਨ ਮੌਸਮ ਲਈ ਫ਼ਸਲਾਂ ਦਾ ਐਮ ਐਸ ਪੀ ਬਨਾਮ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ

ਆਉ 2027-28 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਪਿਛਲੇ ਸਾਲ ਉਹਨਾਂ ਦੀ ਅੰਦਾਜ਼ਨ ਵਿਆਪਕ ਉਤਪਾਦਨ ਲਾਗਤ ਉੱਤੇ ਇੱਕ ਨਜ਼ਰ ਮਾਰੀਏ। ਖੇਤੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਦੇ ਅਨੁਸਾਰ, 2027-28 5 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਦੀ ਅੰਦਾਜ਼ਨ ਕੁੱਲ ਉਤਪਾਦਨ ਲਾਗਤ 1,849 ਰੁਪਏ ਪ੍ਰਤੀ ਕੁਇੰਟਲ ਸੀ, ਅਤੇ ਜੌਂ ਦੀ 1919 ਰੁਪਏ ਪ੍ਰਤੀ ਕੁਇੰਟਲ ਹੈ।

2027-28 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਅਤੇ ਜੌਂ ਦਾ ਘੱਟੋ-ਘੱਟ ਸਮਰਥਨ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਕ੍ਰਮਵਾਰ 2,610 ਰੁਪਏ ਪ੍ਰਤੀ ਕੁਇੰਟਲ ਅਤੇ 2,286 ਰੁਪਏ ਪ੍ਰਤੀ ਕੁਇੰਟਲ ਹੈ।

ਸੀ ਏ ਸੀ ਪੀ ਨੇ 2027-28 ਹਾੜ੍ਹੀ ਮੰਡੀਕਰਨ ਮੌਸਮ ਲਈ ਭਾਰਤ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅਨੁਮਾਨ ਲਗਾਇਆ ਹੈ। ਇਨ੍ਹਾਂ ਲਾਗਤਾਂ ਦੇ ਆਧਾਰ 'ਤੇ, ਸੀ ਏ ਸੀ ਪੀ ਨੇ ਹਾੜ੍ਹੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਸਿਫ਼ਾਰਸ਼ ਕੀਤੀ ਸੀ ਜਿਸ ਨੂੰ 30 ਸਤੰਬਰ, 2026 ਨੂੰ ਭਾਰਤੀ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਸੀ।

ਸੀ ਏ ਸੀ ਪੀ ਦੀ ਗਣਨਾ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ। ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਦਾਲਾਂ ਵਿੱਚੋਂ, ਮਸਰ ਲਈ ਵਿਆਪਕ ਅੰਦਾਜ਼ਨ ਲਾਗਤ 5,061 ਰੁਪਏ ਪ੍ਰਤੀ ਕੁਇੰਟਲ ਅਤੇ ਛੋਲਿਆਂ ਲਈ 4,662 ਰੁਪਏ ਪ੍ਰਤੀ ਕੁਇੰਟਲ ਹੈ। ਮਸਰਾਂ ਅਤੇ ਛੋਲਿਆਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 6,700 ਰੁਪਏ ਪ੍ਰਤੀ ਕੁਇੰਟਲ ਅਤੇ 5,650 ਰੁਪਏ ਪ੍ਰਤੀ ਕੁਇੰਟਲ ਹੈ।

ਤੇਲ ਬੀਜਾਂ ਵਿੱਚ, ਸੀ ਏ ਸੀ ਪੀ ਨੇ ਤੋਰੀਆ-ਸਰ੍ਹੋਂ ਲਈ 4,294 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,550 ਰੁਪਏ ਪ੍ਰਤੀ ਕੁਇੰਟਲ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦੀ ਗਣਨਾ ਕੀਤੀ ਹੈ। ਤੋਰੀਆ-ਸਰ੍ਹੋਂ ਦਾ ਘੱਟੋ-ਘੱਟ ਸਮਰਥਨ ਮੁੱਲ 5,950 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,940 ਰੁਪਏ ਪ੍ਰਤੀ ਕੁਇੰਟਲ ਹੈ।

**2027-28 ਹਾੜ੍ਹੀ ਮੰਡੀਕਰਨ ਮੌਸਮ ਲਈ ਫ਼ਸਲਾਂ ਦੀ ਅੰਦਾਜ਼ਨ ਪੈਦਾਵਾਰ ਲਾਗਤ ਅਤੇ ਐਮ ਐਸ ਪੀ**

| **ਫ਼ਸਲ** | **ਅੰਦਾਜ਼ਨ ਝਾੜ (ਕਵਿੰਟਲ ਪ੍ਰਤੀ ਹੈਕਟੇਅਰ)** | **2027-28 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਅੰਦਾਜ਼ਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ)** | | | **2027-28 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** |
|---|---|---|---|---|---|
| | | ***ਏ2** | ****ਏ2+ਐਫਐਲ** | **#ਸੀ2** | |
| ਕਣਕ | 39.1 | 1,011 | 1,264 | 1,849 | 2,610 |
| ਜੌਂ | 37.3 | 960 | 1,447 | 1,919 | 2,286 |
| ਛੋਲੇ | 12.9 | 2,879 | 3,751 | 4,951 | 5,958 |
| ਮਸਰ | 10.2 | 2,903 | 3,854 | 5,427 | 7,390 |
| ਸਰ੍ਹੋਂ ਅਤੇ ਤਾਰਾਮੀਰਾ | 14.7 | 2,321 | 3,367 | 4,726 | 6,613 |
| ਕੁਸੰਭਾ | 5.1 | 3,843 | 4,810 | 5,937 | 7,215 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}